ਹੈੱਡ ਸਾਈਟ ਰਾਜੀ

# ਦਫਤਰ ਜਿਲਾ ਸਿੱਖਿਆ ਅਫਸਰ(ਸੈ:ਸਿ:) ਅੰਮ੍ਰਿਤਸਰ।

ਵੱਲ,

ਪ੍ਰਿੰਸੀਪਲ/ਮੁੱਖਅਧਿਆਪਕ,

ਸਸਸਸ/ਸਹਸ/ਸਮਿਸ,ਪ੍ਰਾਈਵੇਟ/ਏਡਿਡ/ਮਾਨਤਾ ਪ੍ਰਾਪਤ,

ਜਿਲਾ ਅੰਮ੍ਰਿਤਸਰ।

ਪੱਤਰ ਨੰ: ਜੀ-4/2019- 2019393309

ਮਿਤੀ ਅੰਮ੍ਰਿਤਸਰ। 19/11/19

ਵਿਸ਼ਾ: ਨੈਸ਼ਨਲ ਹਾਈਵੇ ਅੰਮ੍ਰਿਤਸਰ ਤੋਂ ਪਠਾਨਕੋਟ ਤੇ ਸਥਿਤ ਸਕੂਲਾਂ ਸਬੰਧੀ।

ਹਵਾਲਾ: ਸੈਕਟਰੀ ਜਿਲਾ ਲੀਗਲ ਸਰਵਿਸ ਅਥਾਰਟੀ ਅੰਮ੍ਰਿਤਸਰ ਜੀ ਦੇ ਪੱਤਰ ਨੰ:4696 ਮਿਤੀ 2-11-19 ਅਤੇ ਪੰਜਾਬ ਸਰਕਾਰ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਜੀ ਦੇ ਪੱਤਰ ਮਿਤੀ 7-10-19 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਦੇ ਸਬੰਧ ਲਿਖਿਆ ਜਾਂਦਾ ਹੈ ਕਿ ਜਿਹੜੇ ਸਕੂਲ ਨੈਸ਼ਨਲ ਹਾਈਵੇ ਅੰਮ੍ਰਿਤਸਰ ਤੋਂ ਪਠਾਨਕੋਟ ਤੇ ਸਥਿਤ ਹਨ, ਉਹਨਾਂ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਸਕੂਲ ਦੇ ਬੱਸ ਅਤੇ ਵੈਨ ਡਰਾਈਵਰਾਂ ਨੂੰ ਹਦਾਇਤ ਕਰਨ ਕਿ ਉਹ ਸਕੂਲ ਵਿਦਿਆਰਥੀਆਂ ਨੂੰ ਸਕੂਲ ਦੇ ਅੰਦਰੋ ਹੀ ਬੱਸਾਂ ਵਿਚ ਬਿਠਾਉਣ ਅਤੇ ਸਕੂਲ ਦੇ ਅੰਦਰ ਹੀ ਵਿਦਿਆਰਥੀਆਂ ਨੂੰ ਬੱਸਾਂ ਵਿਚੋਂ ਉਤਾਰਿਆ ਜਾਵੇ ਕਿਉਂਕਿ ਕਈ ਬੱਸ ਡਰਾਈਵਰ ਵਿਦਿਆਰਥੀਆਂ ਨੂੰ ਸੜਕ ਤੋਂ ਚੜਾਉਂਦੇ ਅਤੇ ਉਤਾਰਦੇ ਹਨ,ਜਿਸ ਕਾਰਨ ਕਈ ਹਾਦਸੇ ਵਾਪਰ ਜਾਂਦੇ ਹਨ।ਵਿਦਿਆਰਥੀਆਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਸੇਫ ਵਾਹਨ ਵਾਹਨ ਪਾਲਿਸੀ ਦੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਮਿਤੀ 1-10-2019 ਨੂੰ ਗੁਰਦਾਸਪੁਰ ਦੀ ਤਿਮੋਂ ਰੋਡ ਤੇ ਇੱਕ ਨਿੱਜੀ ਸਕੂਲ ਦੀ ਵੈਨ ਨੂੰ ਅਚਾਨਕ ਅੱਗ ਲੱਗ ਗਈ ਸੀ ,ਪਰੰਤੂ ਖੁਸ਼ਕਿਸਮਤੀ ਨਾਲ ਕਿਸੇ ਵੀ ਤਰਾਂ ਦੀ ਘਟਨਾਂ ਹੋਣ ਤੋਂ ਬਚਾਅ ਹੋ ਗਿਆ ,ਇਹਨਾਂ ਘਟਨਾਵਾਂ ਤੋਂ ਬਚਾਅ ਲਈ ਸੇਫ ਵਾਹਨ ਪਾਲਿਸੀ ਦੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ,ਅਤੇ ਕੰਡਮ ਹੋਈਆ ਗੱਡੀਆਂ ਵਿੱਚ ਸਕੂਲੀ ਵਿਦਿਆਰਥੀਆਂ ਨੂੰ ਲਿਆਉਣ ਲਈ ਪੂਰਨ ਪਾਬੰਦੀ ਲਗਾਈ ਜਾਵੇ।

19/11/19
ਜਿਲਾ ਸਿੱਖਿਆ ਅਫਸਰ(ਸੈ:ਸਿ:)
ਅੰਮ੍ਰਿਤਸਰ।

19/11/19 19/11/19